# ਸਾਡ੍ਹੀ ਚੌਂਕੀ ਲੇਖੇ ਲਾ ਮਾਈਏ

*ਬੱਚਿਆਂ ਤੇ, ਕਰਮ ਕਮਾ ਮਾਈਏ* ॥,
ਸਾਡੀ, ਚੌਂਕੀ ਲੇਖੇ ਲਾ ਮਾਈਏ,,,
ਸਾਡੀ, ਚੌਂਕੀ ਲੇਖੇ ਲਾ ਮਾਈਏ ।
*ਬਾਂਹ ਫੜ੍ਹ ਕੇ, ਕੋਲ ਬਿਠਾ ਮਾਈਏ* ।
ਬਾਂਹ ਫੜ੍ਹ ਕੇ, ਕੋਲ ਬਿਠਾ ਮਾਈਏ,,,
"ਸਾਡੀ, ਚੌਂਕੀ ਲੇਖੇ ਲਾ ਮਾਈਏ" x॥

ਅਸਾਂ ਆਸ ਮਾਂ ਛੱਡ ਕੇ, ਦੁਨੀਆਂ ਦੀ
"ਤੇਰੇ, ਦਰ ਦੀ ਗੁਲਾਮੀ ਕਰ ਲਈ ਏ" ॥
ਤੇਰੀ ਮੇਹਰ ਦੇ ਰਤਨਾਂ, ਨਾਲ ਨੀ ਮਾਂ,
"ਇਸ, ਦਿਲ ਦੀ ਤਿਜ਼ੋਰੀ ਭਰ ਲਈ ਏ" ॥
*ਸਾਡੀ, ਕੁੱਲ ਦੀ ਵੇਲ ਵਧਾ ਮਾਈਏ* ।
ਸਾਡੀ, ਕੁੱਲ ਦੀ ਵੇਲ ਵਧਾ ਮਾਈਏ,,,
"ਸਾਡਾ, ਜਾਗਾ ਲੇਖੇ ਲਾ ਮਾਈਏ" x॥

ਤੇਰੀ ਜਗਮਗ ਜੱਗਦੀ, ਜੋਤੀ ਨੂੰ
"ਅਸਾਂ, ਝੁੱਕ ਝੁੱਕ ਮੱਥਾ ਟੇਕ ਲਿਆ" ।
ਤੇਰੇ ਨਾਮ ਦੀ ਗੰਗਾ, ਵਿੱਚ ਤਰ ਕੇ
"ਤੇਰਾ, ਅਦਭੁਤ ਜਲਵਾ ਦੇਖ ਲਿਆ" ॥
*ਸਾਡੇ, ਘਰ ਤੂੰ ਗਈਂ ਏ ਆ ਮਾਈਏ* ।
ਸਾਡੇ, ਘਰ ਤੂੰ ਗਈਂ ਏ ਆ ਮਾਈਏ,,,
"ਸਾਡੀ, ਚੌਂਕੀ ਲੇਖੇ ਲਾ ਮਾਈਏ" x॥

ਬਿਨ ਮੰਗਿਆਂ, ਸਭ ਕੁਝ ਦੇਂਦੀ ਏ
"ਅਸਾਂ, ਮੂੰਹੋਂ ਨਾ ਕੁਝ ਵੀ ਕਹਿਣਾ ਏ" ।
ਤੂੰ ਜੇਹੜੇ ਵੀ, ਰੰਗ ਵਿੱਚ ਰੱਖੇਗੀ
"ਮਾਂਏਂ, ਓਸੇ 'ਚ ਰਾਜ਼ੀ ਰਹਿਣਾ ਏ" ॥
*ਲਿਆ, ਪਿਆਰ ਤੇਰੇ ਨਾਲ ਪਾ ਮਾਈਏ* ।
ਲਿਆ, ਪਿਆਰ ਤੇਰੇ ਨਾਲ ਪਾ ਮਾਈਏ,,,
"ਸਾਡਾ, ਜਾਗਾ ਲੇਖੇ ਲਾ ਮਾਈਏ" x॥

ਕਠਪੁਤਲੀ ਦੇ ਹੱਥ ਵਿੱਚ, ਕੁਝ ਵੀ ਨਹੀਂ
"ਸਭ, ਰੌਣਕਾਂ ਤੂੰਹੀਓਂ ਲਾਈਆਂ ਨੇ" ।
ਕਰੇ ਰੋਮ ਰੋਮ ਤੇਰੇ, ਭਗਤਾਂ ਦਾ
"ਬੱਸ, ਤੇਰੀਆਂ ਹੀ ਵਡਿਆਈਆਂ ਨੇ" ॥
*ਸਾਨੂੰ, ਰੰਗ ਨਿਰਦੋਸ਼ ਚੜ੍ਹਾ ਮਾਈਏ* ।
ਸਾਨੂੰ, ਰੰਗ ਨਿਰਦੋਸ਼ ਚੜ੍ਹ ਮਾਈਏ,,,
"ਸਾਡੀ, ਚੌਂਕੀ ਲੇਖੇ ਲਾ ਮਾਈਏ" x॥

*ਬੱਚਿਆਂ ਤੇ, ਕਰਮ ਕਮਾ ਮਾਈਏ* ॥,
"ਸਾਡੀ, ਚੌਂਕੀ ਲੇਖੇ ਲਾ ਮਾਈਏ" x॥
*ਬਾਂਹ ਫੜ੍ਹ ਕੇ, ਕੋਲ ਬਿਠਾ ਮਾਈਏ* ॥,

"ਸਾਡੀ, ਚੌਂਕੀ ਲੇਖੇ ਲਾ ਮਾਈਏ" x||
"ਸਾਡਾ, ਜਾਗਾ ਲੇਖੇ ਲਾ ਮਾਈਏ" x||

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/25401/title/saadi-chownki-lekhe-la-mayie

अपने Android मोबाइल पर BhajanGanga App डाउनलोड करें और भजनों का आनंद ले |